# India’s Fourth Universal Periodic Review in Geneva

November 09, 2022

.....................

## ਜੇਨੇਵਾ ਵਿੱਚ ਭਾਰਤ ਵੱਲੋਂ ਚੌਥੀ ਯੂਨੀਵਰਸਲ ਸਮੇਂਬੱਧ ਸਮੀਖਿਆ

## 9 ਨਵੰਬਰ, 2022

1. ਯੂਨੀਵਰਸਲ ਪੀਰੀਅਡਿਕ ਰੀਵਿਊ (UPR) ਕਾਰਜਕਾਰੀ ਸਮੂਹ ਦਾ 41ਵਾਂ ਸਤਰ 7-18 ਨਵੰਬਰ 2022 ਤੱਕ ਜੇਨੇਵਾ ਵਿੱਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ (UNHRC) ਵਿਖੇ ਹੋ ਰਿਹਾ ਹੈ। ਇਸ ਸੈਸ਼ਨ ਦੌਰਾਨ 10 ਨਵੰਬਰ 2022 ਨੂੰ ਚੌਥੇ UPR ਚੱਕਰ ਲਈ ਭਾਰਤ ਦੀ ਰਾਸ਼ਟਰੀ ਰਿਪੋਰਟ ਦੀ ਸਮੀਖਿਆ ਕੀਤੀ ਜਾਵੇਗੀ।

2. ਭਾਰਤੀ ਸਾਲਿਸਟਰ ਜਨਰਲ ਸ਼੍ਰੀ ਤੁਸ਼ਾਰ ਮਹਿਤਾ, ਐਲ.ਡੀ. ਭਾਰਤੀ ਵਫ਼ਦ ਦੀ ਅਗਵਾਈ ਕਰ ਰਹੇ ਹਨ ਜਿਸ ਵਿੱਚ ਸਕੱਤਰ (ਪੱਛਮ) ਸ਼੍ਰੀ ਸੰਜੇ ਵਰਮਾ,  ਭਾਰਤ ਦੇ ਸਥਾਈ ਪ੍ਰਤੀਨਿਧੀ ਸ਼੍ਰੀ ਇੰਦਰ ਮਨੀ ਪਾਂਡੇ, ਭਾਰਤ ਦੇ ਵਧੀਕ ਸਾਲਿਸਟਰ ਜਨਰਲ ਸ਼੍ਰੀ. ਕੇ.ਐਮ. ਨਟਰਾਜ, ਐਲ.ਡੀ. ਅਤੇ ਵਿਦੇਸ਼ ਮੰਤਰਾਲੇ, ਗ੍ਰਹਿ ਮੰਤਰਾਲੇ, ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ, ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ, ਘੱਟ ਗਿਣਤੀ ਮਾਮਲਿਆਂ ਦੇ ਮੰਤਰਾਲੇ, ਪੇਂਡੂ ਵਿਕਾਸ ਮੰਤਰਾਲੇ ਅਤੇ ਨੀਤੀ ਆਯੋਗ ਦੇ ਸੀਨੀਅਰ ਅਧਿਕਾਰੀ ਅਤੇ ਨੈਸ਼ਨਲ ਲਾਅ ਯੂਨੀਵਰਸਿਟੀ, ਦਿੱਲੀ ਦੇ ਵਾਈਸ ਚਾਂਸਲਰ ਵੀ ਸ਼ਾਮਲ ਹੋਣਗੇ।

3. ਭਾਰਤ ਮਨੁੱਖੀ ਅਧਿਕਾਰਾਂ ਦੀ ਆਲਮੀ ਤਰੱਕੀ ਅਤੇ ਸੁਰੱਖਿਆ ਵਿੱਚ ਸਰਗਰਮ ਭੂਮਿਕਾ ਨਿਭਾਉਂਦਾ ਹੈ। 'ਵਸੁਧੈਵ ਕੁਟੁੰਬਕਮ' ਜਾਂ "ਦੁਨੀਆਂ ਇੱਕ ਪਰਿਵਾਰ ਹੈ" ਦੇ ਸਾਡੇ ਸਭਿਅਤਾ ਦੇ ਸਿਧਾਂਤ ਤੋਂ ਪ੍ਰੇਰਿਤ ਸਮੁੱਚੀ ਮਨੁੱਖਤਾ ਦੀ ਭਲਾਈ ਲਈ ਸਾਡੀ ਮਜ਼ਬੂਤ ਵਚਨਬੱਧਤਾ ਉਹ ਬੁਨਿਆਦ ਹੈ ਜਿਸ 'ਤੇ ਮਨੁੱਖੀ ਅਧਿਕਾਰਾਂ ਲਈ ਸਾਡਾ ਸੰਵਿਧਾਨਕ ਅਤੇ ਕਾਨੂੰਨੀ ਢਾਂਚਾ ਸਿਰਜਿਆ ਗਿਆ ਹੈ।

4. ਭਾਰਤ ਵਿਸ਼ਵ ਪੱਧਰ 'ਤੇ ਮਨੁੱਖੀ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੀ ਪ੍ਰਾਪਤੀ ਲਈ UNHRC ਦੇ ਮੈਂਬਰਾਂ ਅਤੇ ਸੰਯੁਕਤ ਰਾਸ਼ਟਰ ਦੇ ਹੋਰ ਸਾਥੀ ਦੇਸ਼ਾਂ ਨਾਲ ਰਚਨਾਤਮਕ ਤੌਰ 'ਤੇ ਜੁੜਿਆ ਹੋਇਆ ਹੈ। ਅਸੀਂ ਵੱਖ-ਵੱਖ ਹਿੱਸੇਦਾਰਾਂ ਵਿਚਕਾਰ ਗੱਲਬਾਤ, ਸ਼ਮੂਲੀਅਤ ਅਤੇ ਸਹਿਯੋਗ 'ਤੇ ਜ਼ੋਰ ਦਿੱਤਾ ਹੈ। ਅਸੀਂ ਮਨੁੱਖੀ ਅਧਿਕਾਰਾਂ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਦੇਸ਼ਾਂ ਦੀ ਪ੍ਰਮੁੱਖਤਾ 'ਤੇ ਜ਼ੋਰ ਦਿੱਤਾ ਹੈ। ਅਸੀਂ ਕੌਂਸਲ ਦੇ ਏਜੰਡੇ 'ਤੇ ਵੱਖ-ਵੱਖ ਮੁੱਦਿਆਂ ਬਾਰੇ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਅਸੀਂ ਕੌਂਸਲ ਵਿਚ ਹੋਏ ਵਿਚਾਰ-ਵਟਾਂਦਰੇ ਵਿਚ ਉਸਾਰੂ ਹਿੱਸਾ ਲਿਆ ਹੈ।

5. UPR ਮਹੱਤਵਪੂਰਨ ਵਿਧੀ ਹੈ, ਜਿਸਦੀ ਭਾਰਤ ਪੂਰੀ ਤਰ੍ਹਾਂ ਹਮਾਇਤ ਕਰਦਾ ਹੈ। ਇਹ ਮਨੁੱਖੀ ਅਧਿਕਾਰ ਕੌਂਸਲ ਦੀ ਵਿਲੱਖਣ ਪੀਅਰ ਸਮੀਖਿਆ ਪ੍ਰਕਿਰਿਆ ਹੈ ਜਿਸ ਦੇ ਤਹਿਤ ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ ਸਾਥੀ ਮੈਂਬਰ ਦੇਸ਼ਾਂ ਦੇ ਮਨੁੱਖੀ ਅਧਿਕਾਰਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਦੇ ਹਨ। ਇਹ ਆਪਣੇ ਆਲਮੀ ਚਰਿੱਤਰ, ਉਸਾਰੂ ਅਤੇ ਸਲਾਹ-ਮਸ਼ਵਰੇ ਵਾਲੀ ਪਹੁੰਚ ਅਤੇ ਮੈਂਬਰ ਦੇਸ਼ਾਂ ਵਿਚਕਾਰ ਗੱਲਬਾਤ ਅਤੇ ਸਹਿਯੋਗ ਨੂੰ ਮਹੱਤਵ ਦੇਣ ਕਾਰਨ ਮਨੁੱਖੀ ਅਧਿਕਾਰਾਂ ਦੇ ਸਫਲ ਤੰਤਰ ਵਜੋਂ ਉੱਭਰਿਆ ਹੈ। UPR ਤੰਤਰ ਦੇਸ਼ਾਂ ਦੀ ਮਨੁੱਖੀ ਅਧਿਕਾਰਾਂ ਦੀਆਂ ਜ਼ਿੰਮੇਵਾਰੀਆਂ ਨੂੰ ਸਵੀਕਾਰ

ਕਰਨ ਅਤੇ ਪੂਰਾ ਕਰਨ ਵਿੱਚ ਕੇਂਦਰੀ ਭੂਮਿਕਾ ਨੂੰ ਵੀ ਮਜ਼ਬੂਤ ਕਰਦਾ ਹੈ| ਭਾਰਤ ਨੇ ਹੋਰ ਦੇਸ਼ਾਂ ਦੀ ਸਮੀਖਿਆ ਵਿੱਚ ਸਰਗਰਮ  ਹਿੱਸਾ ਲਿਆ ਹੈ ਅਤੇ ਅਸੀਂ 131 ਮੈਂਬਰ ਦੇਸ਼ਾਂ ਦਾ ਸਵਾਗਤ ਕਰਦੇ ਹਾਂ ਜਿਨ੍ਹਾਂ ਨੇ ਸਾਡੀ ਪੀਅਰ ਸਮੀਖਿਆ ਵਿੱਚ ਸ਼ਾਮਲ ਹੋਣ ਲਈ ਨਾਮ ਦਿੱਤੇ ਹਨ| ਸਮੀਖਿਆ ਅਧੀਨ ਦੇਸ਼ਾਂ ਨੂੰ ਪ੍ਰਾਪਤ ਹੋਈਆਂ ਸਾਰੀਆਂ ਯੂਪੀਆਰ ਸਿਫ਼ਾਰਸ਼ਾਂ ਬਾਰੇ ਉਨ੍ਹਾਂ ਦੀ ਹਮਾਇਤ ਕਰਕੇ ਜਾਂ ਨੋਟ ਕਰਕੇ ਆਪਣਾ ਨਜ਼ਰੀਆ ਬਣਾਉਣਾ ਚਾਹੀਦਾ| ਸਾਡੀ UPR ਨਤੀਜਾ ਰਿਪੋਰਟ ਮਾਰਚ, 2023 ਵਿੱਚ ਮਨੁੱਖੀ ਅਧਿਕਾਰ ਕੌਂਸਲ ਦੇ 52ਵੇਂ ਸੈਸ਼ਨ ਵਿੱਚ ਅੰਗੀਕਾਰ ਕੀਤੀ ਜਾਵੇਗੀ|

6. 5 ਅਗਸਤ, 2022 ਨੂੰ ਸੌਂਪੀ ਗਈ ਭਾਰਤ ਦੀ ਰਾਸ਼ਟਰੀ ਰਿਪੋਰਟ ਮਨੁੱਖੀ ਅਧਿਕਾਰਾਂ ਨੂੰ ਹੱਲਾਸ਼ੇਰੀ ਅਤੇ ਸੁਰੱਖਿਆ ਦੇਣ ਦੀ ਦਿਸ਼ਾ ਵੱਲ ਸਾਡੇ ਕਦਮਾਂ ਦੀ ਰੂਪਰੇਖਾ ਦੱਸਦੀ ਹੈ, ਜਿਸ ਵਿੱਚ 2017 ਵਿੱਚ ਭਾਰਤ ਦੇ ਤੀਜੇ UPR ਚੱਕਰ ਵਿੱਚ ਸਾਡੇ ਦੁਆਰਾ ਮੰਨੀਆਂ ਗਈਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨਾ ਸ਼ਾਮਲ ਹੈ| ਭਾਰਤ ਦੀ ਰਿਪੋਰਟ ਨੈਸ਼ਨਲ ਲਾਅ ਯੂਨੀਵਰਸਿਟੀ, ਦਿੱਲੀ ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਸੀ, ਜੋ ਨਿਆਂਪਾਲਿਕਾ, ਰਾਸ਼ਟਰੀ ਮਨੁੱਖੀ ਅਧਿਕਾਰ ਸੰਸਥਾਵਾਂ, ਅਕਾਦਮੀਆਂ, ਸਿਵਲ ਸੁਸਾਇਟੀ ਸੰਸਥਾਵਾਂ ਅਤੇ ਆਮ ਲੋਕਾਂ ਦੇ ਪ੍ਰਤੀਨਿਧਾਂ ਵਰਗੇ ਵੱਖ-ਵੱਖ ਹਿੱਸੇਦਾਰਾਂ ਨਾਲ ਲੜੀਵਾਰ ਸਲਾਹ-ਮਸ਼ਵਰੇ ਤੋਂ ਬਾਅਦ ਤਿਆਰ ਕੀਤੀ ਗਈ ਹੈ|

ਨਵੀਂ ਦਿੱਲੀ

9 ਨਵੰਬਰ, 2022

DISCLAIMER: This is an approximate translation. The original is available in English on MEA's website and may be referred to as the official press release.